# ਧੂੰਆਂ ਰਹਿਤ ਓਨਟੈਰੀਓ ਕਨੂੰਨ 2005
## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਉਤਪਾਦਕਾਂ ਅਤੇ ਕਰ-ਮੁਕਤ ਦੁਕਾਨਦਾਰਾਂ ਨੂੰ

### ਮੂਲ ਆਧਾਰ

- ਧੂੰਆ ਰਹਿਤ ਓਨਟੈਰੀਓ ਕਨੂੰਨ (SFOA) 31 ਮਈ, 2006 ਨੂੰ ਹੋਂਦ ਵਿੱਚ ਆ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।
- ਇਸ ਕਨੂੰਨ ਅਧੀਨ ਤੰਬਾਕੂ ਉਤਪਾਦਨਾਂ ਦੇ ਇਸ਼ਤਿਹਾਰਾਂ ਤੇ ਰੋਕ ਹੋਵੇਗੀ ਜੋ ਪੂਰੀ ਤਰਾਂ 31 ਮਈ, 2008 ਨੂੰ ਲਾਗੂ ਹੋਵੇਗੀ। ਇਸ ਦਾ ਉਦੇਸ਼ ਜਵਾਨ ਲੋਕਾਂ ਨੂੰ ਸਿਗਰੇਟ ਸ਼ੁਰੂ ਕਰਨ ਤੋਂ ਰੋਕਣਾ ਅਤੇ ਉਹਨਾਂ ਲੋਕਾਂ, ਜੋ ਸਿਗਰੇਟ ਛੱਡ ਚੁੱਕੇ ਹਨ, ਨੂੰ ਇਸ ਨੂੰ ਛੱਡੇ ਰਹਿਣ ਵਿੱਚ ਮਦਦ ਕਰਨਾ ਹੈ।

### ਉਤਪਾਦਕ ਅਤੇ ਕਰ ਮੁਕਤ ਦੁਕਾਨਦਾਰ

ਸਿਹਤ ਉੱਨਤੀ ਦੇ ਮੰਤਰਾਲੇ ਨੂੰ ਪਤਾ ਹੈ ਕਿ ਤੰਬਾਕੂ ਚੀਜ਼ਾਂ ਦੇ ਉਤਪਾਦਕਾਂ ਅਤੇ ਕਰ ਮੁਕਤ ਦੁਕਾਨਦਾਰਾਂ ਦੀਆਂ ਵੱਖਰੀਆਂ ਵਪਾਰ ਜ਼ਰੂਰਤਾਂ ਹੁੰਦੀਆਂ ਹਨ; ਇਸ ਕਰ ਕੇ ਕਨੂੰਨ ਦੇ ਭਾਗ 3.1 ਅਧੀਨ ਨਿਰਧਾਰਤ ਇਸ਼ਤਿਹਾਰਾਂ 'ਤੇ ਰੋਕ ਵਿੱਚ ਉਤਪਾਦਕਾਂ ਅਤੇ ਕਰ ਮੁਕਤ ਦੁਕਾਨਦਾਰਾਂ ਲਈ ਕੁੱਝ ਛੋਟਾਂ ਦਿੱਤੀਆਂ ਗਈਆਂ ਹਨ।

ਕਨੂੰਨ ਉਤਪਾਦਕਾਂ ਦੀ ਪਰਿਭਾਸ਼ਾ ਇਸ ਤਰਾਂ ਦੇਂਦਾ ਹੈ: ੳ) ਉਹ ਵਿਅਕਤੀ ਜੋ ਤੰਬਾਕੂ ਦੀਆਂ ਚੀਜ਼ਾਂ ਦਾ ਓਨਟੈਰੀਓ ਵਿੱਚ ਵੰਡਣ ਲਈ, ਵੇਚ ਲਈ, ਜਾਂ ਭੰਡਾਰ ਕਰਨ ਲਈ ਉਤਪਾਦਨ ਕਰਦਾ ਹੈ, ਬਨਾਉਂਦਾ ਹੈ ਜਾਂ ਪੈਦਾਵਾਰ ਕਰਦਾ ਹੈ ਅਤੇ ਅ) ਉਸ ਕੋਲ ਉਤਪਾਦਕ ਦਾ ਤੰਬਾਕੂ ਕਰ ਕਨੂੰਨ ਅਧੀਨ ਪੰਜੀਕਰਨ ਪ੍ਰਮਾਣ ਪੱਤਰ ਹੈ। SFOA ਅਧੀਨ ਉਤਪਾਦਕ ਕਨੂੰਨ ਦੇ ਭਾਗ 3.1 ਦੀਆਂ ਇਸ਼ਤਿਹਾਰ ਰੋਕ ਦੀਆਂ ਸ਼ਰਤਾਂ ਤੋਂ ਰਹਿਤ ਲਈ ਸੇਹਤ ਉੱਨਤੀ ਦੇ ਮੰਤਰਾਲੇ ਨਾਲ ਪੰਜੀਕਰਿਤ ਹੋਣਾ ਚਾਹੀਦਾ ਹੈ।

ਇੱਕ ਕਰ ਮੁਕਤ ਦੁਕਾਨਦਾਰ ਦੀ ਪਰਿਭਾਸ਼ਾ ਕੇਂਦਰੀ ਸੀਮਾ ਸ਼ੁਲਕ ਵਿਭਾਗ ਕਨੂੰਨ ਦੇ ਉਪ ਭਾਗ 2 (1) ਅਧੀਨ ਦਿੱਤੀ ਗਈ ਹੈ। ਸੇਹਤ ਉੱਨਤੀ ਮੰਤਰਾਲੇ ਨਾਲ ਪੰਜੀਕਰਨ ਜ਼ਰੂਰੀ ਨਹੀਂ ਹੈ।

### ਉਤਪਾਦਕਾਂ ਅਤੇ ਕਰ ਮੁਕਤ ਦੁਕਾਨਦਾਰਾਂ ਲਈ ਛੋਟਾਂ

ਇੱਕ ਪੰਜੀਕਰਿਤ ਉਤਪਾਦਕ ਅਤੇ ਕਰ ਮੁਕਤ ਦੁਕਾਨਦਾਰ ਨੂੰ ਇਨ੍ਹਾਂ ਗੱਲਾਂ ਦੀ ਛੋਟ ਹੈ:

- ਕਾਉਂਟਰ ਉੱਤੇ ਪ੍ਰਦਰਸ਼ਨ ਰਾਹੀਂ ਤੰਬਾਕੂ ਉਤਪਾਦਨਾਂ ਦਾ ਪ੍ਰਦਰਸ਼ਨ ਕਰਨਾ;
- ਤੰਬਾਕੂ ਉਤਪਾਦਨਾਂ ਦਾ ਪ੍ਰਦਰਸ਼ਨ ਕਰਨਾ ਚਾਹੇ 31ਮਈ, 2008 ਨੂੰ ਤੰਬਾਕੂ ਉਤਪਾਦਨਾਂ 'ਤੇ ਆਮ ਪ੍ਰਦਰਸ਼ਨ ਰੋਕ ਨੂੰ ਹੋਂਦ ਵਿੱਚ ਆ ਜਾਵੇ;

- ਖਰੀਦਦਾਰਾਂ ਨੂੰ ਤੰਬਾਕੂ ਉਤਪਾਦਨਾਂ ਨੂੰ ਖਰੀਦ ਤੋਂ ਪਹਿਲੇ ਹੱਥ ਲਗਾਉਣ ਦਿ ਆਗਿਆ ਦੇਣਾ। ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਕੇਂਦਰੀ ਤੰਬਾਕੂ ਕਨੂੰਨ (ਭਾਗ 11) ਵਿੱਚ ਇਸ ਤਰਾਂ ਕਰਨ ਦੀ ਮਨਾਹੀ ਹੈ, ਇਸ ਲਈ ਉਤਪਾਦਕਾਂ ਨੂੰ ਉਸ ਕਨੂੰਨ ਦੀ ਪਾਲਣਾ ਕਰਨਾ ਚਾਹੀਦਾ ਹੈ। ਕੇਂਦਰੀ ਤੰਬਾਕੂ ਕਨੂੰਨ ਲਾਇਸੈਂਸ ਸ਼ੁਦਾ ਕਰ ਮੁਕਤ ਦੁਕਾਨਾਂ ਨੂੰ ਹੱਥ ਲਗਾਉਣ ਦੀਆਂ ਰੋਕਾਂ ਤੋਂ ਛੋਟ ਦੇਂਦਾ ਹੈ।

## ਪੰਜੀਕਰਿਤ ਉਤਪਾਦਕਾਂ ਅਤੇ ਕਰ-ਮੁਕਤ ਦੁਕਾਨਦਾਰਾਂ ਦੋਨਾਂ ਦੀਆਂ ਸਾਂਝੀਆਂ ਜ਼ੁੰਮੇਵਾਰੀਆਂ

ਸਾਰੇ ਉਤਪਾਦਕਾਂ ਅਤੇ ਕਰ-ਮੁਕਤ ਦੁਕਾਨਦਾਰਾਂ ਨੂੰ ਧਾਰਾ ਅਤੇ ਨਿਯਮ ਦੀ ਪੂਰੀ ਤਰਾਂ ਪਾਲਨਾ ਕਰਨੀ ਚਾਹੀਦੀ ਹੈ. ਇਸ ਵਿੱਚ ਸ਼ਾਮਲ ਹੈ:

- ਇਸ ਗੱਲ ਨੂੰ ਯਕੀਨੀ ਬਨਾਉਣਾ ਕਿ ਤੰਬਾਕੂ ਉਤਪਾਦਨ ਅਤੇ ਤੰਬਾਕੂ ਉਤਪਾਦਨਾਂ ਦਾ ਸਾਜ਼ੋ ਸਮਾਨ ਉਤਪਾਦਕਾਂ ਅਤੇ ਕਰ-ਮੁਕਤ ਦੁਕਾਨਦਾਰਾਂ ਦੀ ਵਪਾਰ ਦੀ ਜਗਾਹ ਤੋਂ ਬਾਹਰ ਨਜ਼ਰ ਨਾਂ ਆਵੇ।
- ਗਾਹਕਾਂ ਨੂੰ ਇਮਾਰਤ ਦੀ ਕੇਵਲ ਬਾਹਰ ਅਤੇ ਅੰਦਰ ਦੀ ਸਾਂਝੀ ਜਗਾਹ ਤੋਂ ਹੀ ਅੰਦਰ ਆਉਣ ਦੀ ਆਗਿਆ ਦੇਣਾ। ਇਸ ਦਾ ਮਤਲਬ ਹੈ ਕਿ ਗਾਹਕ ਉਤਪਾਦਕ ਦੀ ਜਗਾਹ ਵਿੱਚ ਨਹੀਂ ਜਾ ਸਕਦੇ ਅਤੇ  ਕਰ-ਮੁਕਤ ਦੁਕਾਨਦਾਰ ਕੋਲ ਕਿਸੇ ਹੋਰ ਸਟੋਰ ਤੋਂ ਦਾਖਲ ਨਹੀਂ ਹੋ ਸਕਦੇ।
- ਉਤਪਾਦਕ ਅਤੇ ਕਰ-ਮੁਕਤ ਦੁਕਾਨਦਾਰ ਦੀ ਵਪਾਰ ਦੀ ਜਗਾਹ ਲਾਂਘੇ ਲਈ ਰਸਤਾ ਨਹੀਂ ਹੋਣੀ ਚਾਹੀਦੀ। ਉਦਾਹਰਣ ਲਈ, ਇਸ ਦਾ ਮਤਲਬ ਹੈ ਕਿ ਕੋਈ ਵਿਅਕਤੀ ਬਾਹਰ ਤੋਂ ਵਪਾਰ ਦੀ ਜਗਾਹ ਵਿੱਚ ਦਾਖਲ ਹੋ ਕੇ ਅੰਦਰ ਦੀ ਸਾਂਝੀ ਜਗਾਹ ਜਿਵੇਂ ਕਿ ਕੋਈ ਦੂਜੇ ਸਟੋਰ ਜਾਂ ਸ਼ੋਪਿੰਗ ਮਾਲ ਵਿੱਚ ਲੰਘ ਕੇ ਪਹੁੰਚਣ ਲਈ ਨਾਂ ਜਾ ਸਕੇ।

## ਕੇਵਲ ਪੰਜੀਕਰਿਤ ਉਤਪਾਦਕਾਂ ਲਈ ਛੋਟਾਂ

ਇਕ ਪੰਜੀਕਰਿਤ ਉਤਪਾਦਕ ਨੂੰ ਇਨ੍ਹਾਂ ਗੱਲਾਂ ਦੀ ਆਗਿਆ ਹੈ:

- ਵਿਸਤਾਰ ਦੇ ਸਮਾਨ ਦਾ ਪ੍ਰਦਰਸ਼ਨ ਕਰਨਾ ਜਿਵੇਂ ਕਿ:
  - ਕਿਸੇ ਵਿਸ਼ੇਸ਼ ਬ੍ਰਾਂਡ ਨਾਲ ਜੁੜੇ ਸਜਾਵਟੀ ਪੈਨਲ ਅਤੇ ਬੈਕ ਡਰਾਪ (ਆਮ ਤੌਰ ਤੇ "ਪਾਵਰ ਵਾਲ" ਕਹੇ ਜਾਂਦੇ ਹਨ)
  - ਪਿੱਛੇ ਰੋਸ਼ਨੀ ਵਾਲੇ ਜਾਂ ਜਗਦੇ ਪੈਨਲ
  - ਵਿਸਤਾਰ ਲਈ ਰੋਸ਼ਨੀ
  - ਤਿੰਨ ਆਯਾਮੀ ਪ੍ਰਦਰਸ਼ਨ

SFOA ਦੇ ਬਾਕੀ ਸਾਰੇ ਨਿਯਮ ਉਤਪਾਦਕਾਂ ਅਤੇ ਕਰ-ਮੁਕਤ ਦੁਕਾਨਦਾਰਾਂ ਲਈ ਲਾਗੂ ਹੁੰਦੇ ਹਨ, ਜਿਨ੍ਹਾਂ ਵਿੱਚ ਲਗਾਉਣ ਲਈ ਲੋੜੀਂਦੇ ਨਿਸ਼ਾਨ ਸ਼ਾਮਲ ਹਨ। (ਕਿਰਪਾ ਕਰ ਕੇ ਹੇਠਾਂ ਦੇਖੋ)

## ਕੇਵਲ ਉਤਪਾਦਕਾਂ ਦੀਆਂ ਜ਼ੁੰਮੇਵਾਰੀਆਂ

- ਛੋਟਾਂ ਲਈ ਸੇਹਤ ਉੱਨਤੀ ਦੇ ਮੰਤਰਾਲੇ ਨਾਲ ਪੰਜੀਕਰਿਤ ਹੋਣਾ।
- ਕਿਸੇ 19 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ, ਜੇਕਰ ਉਹ ਘਟੋਘੱਟ 19 ਸਾਲ ਦੀ ਉਮਰ ਦੇ ਵਿਅਕਤੀ ਨਾਲ ਨਾ ਆਇਆ ਹੋਵੇ, ਨੂੰ ਉਤਪਾਦਕ ਦੀ ਦੁਕਾਨ ਅੰਦਰ ਆਉਣ ਦੀ ਆਗਿਆ ਨਾ ਦੇਨਾ। ਜੇਕਰ ਕੋਈ ਵਿਅਕਤੀ 25 ਸਾਲ ਤੋਂ ਘੱਟ ਉਮਰ ਦਾ ਲਗਦਾ ਹੋਵੇ ਤਾਂ ਉਤਪਾਦਕ ਨੂੰ ਚਾਹੀਦਾ ਹੈ ਕਿ ਉਹ ਉਸ ਦੀ ਪਹਿਚਾਣ ਮੰਗੇ ਅਤੇ ਇਸ ਗੱਲ ਤੋਂ ਸੰਤੁਸ਼ਤ ਹੋਵੇ ਕਿ ਉਹ ਘਟੋਘੱਟ 19 ਸਾਲ ਦਾ ਹੈ।

## ਉਤਪਾਦਕਾਂ ਅਤੇ ਕਰ-ਮੁਕਤ ਦੁਕਾਨਦਾਰਾਂ ਲਈ ਨਿਸ਼ਾਨ

*ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ ਤਾਕਿ ਇਸ ਗੱਲ ਨੂੰ ਯਕੀਨੀ ਬਨਾਇਆ ਜਾਵੇ ਕਿ ਸਭ ਨੂੰ ਪਤਾ ਹੈ ਕਿ ਸਿਗਰੇਟ ਪੀਣ ਦੀ ਮਨਾਹੀ ਹੈ।

ਸਾਰੇ ਤੰਬਾਕੂ ਉਤਪਾਦਨ ਦੇ ਦੁਕਾਨਦਾਰਾਂ ਨੂੰ ਚਾਹੀਦਾ ਹੈ ਕਿ ਉਹ ਵੇਚ ਕੇਂਦਰ 'ਤੇ ਐਸੀ ਜਗਾਹ ਤੇ ਜਿੱਥੇ ਖਰੀਦਦਾਰ ਨੂੰ ਸਪਸ਼ਟ ਦਿਖਾਈ ਦੇਵੇ ਇਹ ਲਗਵਾਉਣ:

- ਇੱਕ *ਉਮਰ ਪਾਬੰਦੀ ਅਤੇ ਸੇਹਤ ਚੇਤਾਵਨੀ* ਨਿਸ਼ਾਨ।
- ਇੱਕ *ਸਰਕਾਰੀ ਪਹਿਚਾਨ* ਦਾ ਨਿਸ਼ਾਨ।

ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

## ਪ੍ਰਚੂਣ ਉਦੇਸ਼ਾਂ ਲਈ ਨਿਸ਼ਾਨ (ਕਰ-ਮੁਕਤ ਦੁਕਾਨਦਾਰਾਂ ਲਈ ਲਾਗੂ)

ਤੰਬਾਕੂ ਉਤਪਾਦਨਾਂ ਦੀ ਵੇਚ ਸੰਬਧੀ ਨਿਸ਼ਾਨ ਕੇਵਲ ਗਾਹਕਾਂ ਨੂੰ ਇਹ ਜਾਣਕਾਰੀ ਦੇਣ ਲਈ ਕਿ ਦੁਕਾਨਦਾਰ ਤੰਬਾਕੂ ਉਤਪਾਦਨ ਵੇਚਦਾ ਹੈ ਅਤੇ ਉਹਨਾਂ ਦੀ ਕੀਮਤ ਬਾਰੇ ਨਿਸ਼ਾਨ ਲਗਾਉਣ ਦੀ ਆਗਿਆ ਹੈ। ਅੱਗੇ:

- ਨਿਸ਼ਾਨ ਦਾ ਆਕਾਰ 968 ਵਰਗ ਸੈਂਟੀ ਮੀਟਰ ਤੋਂ ਵੱਧ ਨਹੀਂ ਹੋਣਾ ਚਾਹੀਦਾ।
- ਵੇਚ ਸੰਬਧੀ ਨਿਸ਼ਾਨ ਕਾਲੇ ਰੰਗ ਦੇ ਪਾਠ ਵਿੱਚ ਅਤੇ ਚਿੱਟੀ ਪਿਛੋਕੜ ਵਾਲੇ ਹੋਣੇ ਚਾਹੀਦੇ ਹਨ।
- ਨਿਸ਼ਾਨ ਦਾ ਪਾਠ ਦੁਕਾਨ ਦੇ ਬਾਹਰ ਦਿਖਾਈ ਨਹੀਂ ਦੇਣਾ ਚਾਹੀਦਾ।
- ਇੱਕ ਦੁਕਾਨਦਾਰ ਵੱਧ ਤੋਂ ਵੱਧ ਤੰਬਾਕੂ ਉਤਪਾਦਨਾਂ ਅਤੇ ਤੰਬਾਕੂ ਉਤਪਾਦਨਾਂ ਦੇ ਸਾਜੋ ਸਮਾਨ ਸੰਬਧੀ ਤਿੰਨ ਨਿਸ਼ਾਨ ਲਗਾ ਸਕਦਾ ਹੈ
- ਨਿਸ਼ਾਨਾਂ ਵਿੱਚ ਕਿਸੇ ਤੰਬਾਕੂ ਅਤੇ ਤੰਬਾਕੂ ਸੰਬਧੀ ਉਤਪਾਦ ਦੇ ਬ੍ਰਾਂਡ ਦੀ ਪਹਿਚਾਨ ਨਹੀਂ ਹੋਣੀ ਚਾਹੀਦੀ।

ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

## ਮੈਂ ਉਤਪਾਦਕ ਦੇ ਰੂਪ ਵਿੱਚ ਕਿਵੇਂ ਪੰਜੀਕਰਿਤ ਹੋਵਾਂ?

ਉਤਪਾਦਕ ਦੇ ਰੂਪ ਵਿੱਚ ਪੰਜੀਕਰਿਤ ਹੋਣ ਲਈ ਪ੍ਰਾਰਥਨਾ ਪੱਤਰ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਦੇ ਇਸ ਪਤੇ 'ਤੇ ਉਪਲਭਧ ਹਨ http://www.mhp.gov.on.ca/english/health/smoke_free/legislation.asp.

### ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਉਤਪਾਦਕਾਂ ਦੀਆਂ ਦੁਕਾਨਾਂ ਅਤੇ ਕਰ-ਮੁਕਤ ਪ੍ਰਚੂਣ ਦੁਕਾਨਾਂ ਵਿੱਚ ਜਾ ਕੇ ਵੇਖਣ ਗੀਆਂ ਅਤੇ ਪੁੱਛ ਪੜਤਾਲ ਕਰਣਗੀਆਂ

### ਜ਼ੁਰਮਾਨੇ

ਇੱਕ ਵਿਅਕਤੀ ਨੂੰ ਪਹਿਲੀ ਵਾਰੀ ਗਲਤੀ ਕਰਣ ਤੇ ਵੱਧ ਤੋਂ ਵੱਧ $4,000 ਦਾ ਜ਼ੁਰਮਾਨਾ ਹੋ ਸਕਦਾ ਹੈ ਅਤੇ ਤੀਜੀ ਜਾ ਇਸ ਤੋਂ ਜਿਆਦਾ ਵਾਰੀ ਗਲਤੀ ਕਰਣ ਤੇ $100,000 ਦਾ ਜ਼ੁਰਮਾਨਾ ਹੋ ਸਕਦਾ ਹੈ। ਇੱਕ ਸੰਗਠਨ ਨੂੰ ਪਹਿਲੀ ਵਾਰੀ ਗਲਤੀ ਕਰਣ ਤੇ ਵੱਧ ਤੋਂ ਵੱਧ $10,000 ਦਾ ਜ਼ੁਰਮਾਨਾ ਹੋ ਸਕਦਾ ਹੈ ਅਤੇ ਤੀਜੀ ਜਾ ਇਸ ਤੋਂ ਜਿਆਦਾ ਵਾਰੀ ਗਲਤੀ ਕਰਣ ਤੇ $150,000 ਦਾ ਜ਼ੁਰਮਾਨਾ ਹੋ ਸਕਦਾ ਹੈ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario